ਬਾਦਲ ਸਰਕਾਰ ਸਰਦੀਆਂ ਵਿੱਚ ਵੀ ਬਿਜਲੀ ਦੇਣ ਤੋਂ ਅਸਮੱਰਥ-ਜਸਮਿੰਦਰ ਸੰਧੂ

ਬਾਦਲ ਸਾਹਿਬ ਕਿਥੇ ਗਏ ਉਹ ਪੰਜ ਕਰੋੜ ਜੋ ਨਗਰ ਪੰਚਾਇਤ ਨੂੰ ਦੇਣ ਦਾ ਐਲਾਨ ਕਰ ਗਏ ਸੀ

ਕੁਹਾੜਾ 19 ਫ਼ਰਵਰੀ (ਗੁਰਨਾਮ) ਪੰਜਾਬ ਤੇ ਰਾਜ ਕਰ ਰਹੀ ਸ੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ। ਸੂਬੇ ਵਿੱਚ ਇਨਾ ਮਾੜਾ ਹਾਲ ਹੋ ਗਿਆ ਹੈ ਕਿ ਸਰਦੀਆਂ ਵਿੱਚ ਵੀ ਨਿਰਵਿਘਨ ਬਿਜਲੀ ਦੀ ਸਪਲਾਈ ਨਾਂ ਤਾਂ ਸਹਿਰਾਂ ਨੂੰ ਮਿਲ ਰਹੀ ਅਤੇ ਨਾਂ ਹੀ ਪਿੰਡਾਂ ਅਤੇ ਮੋਟਰਾਂ ਵਾਲੀ ਬਿਜਲੀ ਕਿਸੇ ਹਾਲ ਮਿਲ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ਼ ਦੇ ਸਕੱਤਰ, ਮੀਤ ਪ੍ਰਧਾਨ ਕਿਸ਼ਾਨ ਸੈਲ ਪੰਜਾਬ ਤੇ ਸਾਬਕਾ ਚੇਅਰਮੈਨ ਜਸਮਿੰਦਰ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਸੰਧੂ ਨੇ ਕਿਹਾ ਕਿ ਜੇ ਸਰਦੀਆਂ ਵਿੱਚ ਇਹੋ ਹਾਲ ਰਿਹਾ ਤਾਂ ਗਰਮੀਆਂ ਵਿੱਚ ਝੋਨੇ ਦੇ ਸੀਜਨ ਦੌਰਾਨ ਇਹ ਸਰਕਾਰ ਬਿਜਲੀ ਕਿੱਥੋ ਲੈ ਕੇ ਆਵੇਗੀ। ਉਹਨਾਂ ਕਿਹਾ ਕਿ ਬਾਦਲ ਨੂੰ ਆਪਣੇ ਪਰਿਵਾਰ ਦਾ ਹੀ ਫਿਕਰ ਖਾਈ ਜਾ ਰਿਹਾ ਹੈ। ਉਹਨਾਂ ਨੂੰ ਸੂਬੇ ਦੀ ਜਨਤਾ ਦਾ ਕੋਈ ਫਿਕਰ ਨਹੀ। ਪੰਜਾਬ ਦੀ ਜਨਤਾ ਵਿਧਾਨ ਸਭਾ ਚੌਣਾ ਦੀ ਉਡੀਕ ਬੜੀ ਬੇਸਬਰੀ ਨਾਲ ਕਰ ਰਹੀ ਹੈ ਤਾਂ ਕਿ ਇਸ ਸਰਕਾਰ ਨੂੰ ਚਲਦਾ ਕਰ ਸਕੀਏ। ਉਹਨਾਂ ਅੱਗੇ ਕਿਹਾ ਪਾਰਲੀਮੈਟ ਚੌਣਾਂ ਸਮੇ ਸ: ਪ੍ਰਕਾਸ਼ ਸਿੰਘ ਬਾਦਲ ਨੇ ਸਾਹਨੇਵਾਲ ਵਿਖੇ ਸੰਗਤ ਦਰਸ਼ਨ ਦੌਰਾਨ ਨਗਰ ਪੰਚਾਇਤ ਨੂੰ ਪੰਜ ਕਰੋੜ ਰੁਪਏ ਦੀ ਗ੍ਰਾਂਟ ਦਾ ਐਲਾਨ ਕਰ ਗਏ ਸਨ। ਪਰ ਉਸ ਪੰਜ ਕਰੋੜ ਦੀ ਗ੍ਰਾਂਟ ਵਿੱਚੋ ਅੱਜ ਤੱਕ ਪੰਜ ਹਜਾਰ ਰੁਪਏ ਵੀ ਨਹੀ ਮਿਲੇ। ਕੀ ਬਾਦਲ ਸਾਹਿਬ ਦੱਸ ਸਕਦੇ ਹਨ ਕਿ ਕਿਥੇ ਗਏ ਉਹ ਪੰਜ ਕਰੋੜ ਜੋ ਨਗਰ ਪੰਚਾਇਤ ਨੂੰ ਦੇਣ ਦਾ ਐਲਾਨ ਕਰ ਗਏ ਸਨ। ਉਹਨਾਂ ਕਿਹਾ ਕਿ ਬਾਦਲ ਸਾਹਿਬ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਗੁੰਮਰਾਹ ਕੁੰਨ ਬਿਆਨ ਦੇਣ ਬਜਾਏ ਸਨਅੱਤਕਾਰਾਂ ਤੇ ਕਿਸ਼ਾਨਾਂ ਨੂੰ ਬਿਜਲੀ ਪੂਰੀ ਦੇ ਕੇ ਮਰ ਰਹੀ ਕਿਸ਼ਾਨੀ ਤੇ ਸਨਅਤ ਨੂੰ ਬਚਾਇਆ ਜਾ ਸਕੇ। ਇਸ ਮੌਕੇ ਜਗਜੀਤ ਸਿੰਘ ਪ੍ਰਿਥੀਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਾਛੀਵਾੜਾ, ਜਸਪਾਲ ਸਿੰਘ ਗਾਹੀ ਭੈਣੀ ਪ੍ਰਧਾਨ ਬਲਾਕ ਮਾਂਗਟ, ਜਸਵੰਤ ਸਿੰਘ ਗਰਚਾ ਮੀਤ ਪ੍ਰਧਾਨ, ਹਰਜੀਤ ਸਿੰਘ ਮਾਨਗੜ੍ਹ, ਪੰਡਿਤ ਰਮੇਸ਼ ਚੰਦਰ ਸ਼ੁਕਲਾ, ਇਕਬਾਲ ਸਿੰਘ ਜੰਡਿਆਲੀ ਬਲਾਕ ਸੰਮਤੀ ਮੈਬਰ, ਸ਼ਮਸੇਰ ਸਿੰਘ ਸੇਰੀ ਸਾਹਨੇਵਾਲ ਤੇ ਕਰਮਜੀਤ ਸਿੰਘ ਬੱਬਲ ਹਾਜਰ ਸਨ।

ਕਲੈਰੀਕਲ ਕਾਮਿਆਂ ਵੱਲੋਂ ਰੈਲੀ

ਸ਼ਾਹਪੁਰ ਕੰਢੀ, 19 ਫਰਵਰੀ (ਜੰਡੀਰ, ਧਵਨ)-ਰਣਜੀਤ ਸਾਗਰ ਡੈਮ ਉਪਰ ਕੰਮ ਕਰਦੇ ਕਲੈਰੀਕਲ ਅਮਲੇ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਰੈਲੀ ਕੀਤੀ ਗਈ। ਇਸ ਰੈਲੀ ਨੂੰ ਪੰਜਾਬ ਇਰੀਗੇਸ਼ਨ ਕਲੈਰੀਕਲ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਮੁਕੇਸ਼ ਸ਼ਰਮਾ, ਜਨਰਲ ਸਕੱਤਰ ਛਿੰਦਰਪਾਲ ਚੀਮਾ, ਵਿੱਤ ਸਕੱਤਰ ਹਰਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਚੇਅਰਮੈਨ ਚੋਣ ਕਮੇਟੀ, ਅਨਿਲ ਕੁਮਾਰ ਪ੍ਰਧਾਨ ਰ.ਸ.ਡ. ਇਕਾਈ, ਗੁਰਨਾਮ ਸਿੰਘ ਸੈਣੀ ਜ਼ਿਲ੍ਹਾ ਸਕੱਤਰ, ਹਿੰਮਤ ਸੈਣੀ ਸੂਬਾਈ ਪ੍ਰਾਜੈਕਟ ਸਕੱਤਰ, ਬਲਦੇਵ ਸਿੰਘ, ਕੌਸ਼ਲ ਕੁਮਾਰ, ਮੁਨਸ਼ੀ ਰਾਮ, ਦਰਸ਼ਨ ਸਿੰਘ ਟੱਲੇਵਾਲ, ਬਲਦੇਵ ਸਿੰਘ ਚੀਮਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਸਮੂਹ ਬੁਲਾਰਿਆਂ ਨੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਮੰਗ ਕੀਤੀ ਕਿ ਕਲੈਰੀਕਲ ਦੇ ਸਾਰੇ ਵਰਗਾਂ ਦੀ ਸੋਧੀ ਹੋਈ ਸੀਨੀਆਰਤਾ ਸੂਚੀ ਜਾਰੀ ਕੀਤੀ ਜਾਵੇ, ਕਲਰਕ ਤੋਂ ਲੈ ਕੇ ਸੁਪਰਡੈਂਟ ਤੱਕ ਦੀਆਂ ਬਣਦੀਆਂ ਤਰੱਕੀਆਂ ਕੀਤੀਆਂ ਜਾਣ, ਲੰਮੇ ਸਮੇਂ ਤੋਂ ਲਟਕ ਰਹੀ ਕਨਫਰਮੇਸ਼ਨ ਲਿਸਟ ਜਾਰੀ ਕੀਤੀ ਜਾਵੇ। 1996 ਤੋਂ ਜੂਨੀਅਰ ਅਸਿਸਟੈਂਟ ਦਾ ਮੁੱਢਲਾ ਸਕੇਲ 5000 ਰੁਪਏ ਕੀਤਾ ਜਾਵੇ।

ਮਸ਼ੀਨ ਟੂਲ ਕਲੱਸਟਰ ਲਈ ਕੇਂਦਰ ਤੋਂ ਵੱਧ ਤੋਂ ਵੱਧ ਗ੍ਰਾਂਟਾਂ ਲਿਆਵਾਂਗੇ-ਬੀਰਮੀ

ਲੁਧਿਆਣਾ, 19 ਫਰਵਰੀ (ਰਾਜ ਜੋਸ਼ੀ)-ਮਸ਼ੀਨ ਟੂਲ ਕਲੱਸਟਰ ਲੁਧਿਆਣਾ ਜੋ ਕੇਂਦਰ ਸਰਕਾਰ ਦੀਆਂ ਦੇਸ਼ ਦੀ ਸਨਅਤ ਨੂੰ ਵਿਸ਼ਵ ਪੱਧਰੇ ਮੁਕਾਬਲੇ ਦੇ ਯੋਗ ਬਣਾਉਣ ਲਈ ਸਾਲ 2007 ਵਿੱਚ ਕਲੱਸਟਰ ਸਕੀਮ ਆਰੰਭ ਕਰਨ ਦੇ ਨਤੀਜੇ ਵਜੋਂ ਹੋਂਦ ਵਿੱਚ ਆਇਆ ਹੈ, ਲਈ ਪੰਜਾਬ ਦੇ ਸਾਰੇ ਮਸ਼ੀਨ ਟੂਲਜ਼ ਅਤੇ ਮਦਰ ਮਸ਼ੀਨਾ ਦਾ ਉਤਪਾਦ ਕਰਨ ਵਾਲੇ ਸਨਅੱਤਕਾਰਾਂ ਨੂੰ ਭਾਰੀ ਲਾਭ ਹੋਵੇਗਾ ਤੇ ਅਸੀਂ ਕੇਂਦਰ ਸਰਕਾਰ ਤੋਂ ਇਸ ਮਸ਼ੀਨ ਟੂਲ ਕਲੱਸਟਰ ਲਈ ਸਕੀਮਾਂ ਤਹਿਤ ਵੱਧ ਤੋਂ ਵੱਧ ਗ੍ਰਾਂਟਾਂ ਲਿਆਉਣ ਲਈ ਇੰਡਸਟਰੀ ਮੰਤਰੀ ਅਤੇ ਪ੍ਰਧਾਨ ਮੰਤਰੀ ਤੱਕ ਪਹੁੰਚ ਕਰਾਂਗੇ। ਇਹ ਸ਼ਬਦ ਬੀਤੀ ਸ਼ਾਮ ਮਸ਼ੀਨ ਟੂਲ ਕਲੱਸਟਰ ਲੁਧਿਆਣਾ ਦੀ ਹੋਈ ਜਨਰਲ ਬਾਡੀ ਮੀਟਿੰਗ ਵਿੱਚ ਇਕੱਤਰ ਸਨਅਤਕਾਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸਾਬਕਾ ਮੰਤਰੀ ਪੰਜਾਬ ਸ੍ਰ. ਮਲਕੀਤ ਸਿੰਘ ਬੀਰਮੀ ਨੇ ਕਹੇ। ਸ੍ਰ. ਬੀਰਮੀ ਨੇ ਇਸ ਸਮੇਂ ਲੁਧਿਆਣਾ ਮਸ਼ੀਨ ਟੂਲਜ਼ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਕਿਰਪਾਲ ਸਿੰਘ ਸਾਗਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਮਸ਼ੀਨ ਟੂਲ ਇੰਡਸਟਰੀ ਲੋੜੀਂਦੀ ਤਰੱਕੀ ਕਰ ਰਹੀ ਹੈ ਤੇ ਮਸ਼ੀਨ ਟੂਲ ਕਲੱਸਟਰ ਦੇ ਹੋਂਦ ਵਿੱਚ ਆਉਣ ਲਈ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਇਸ ਸਮੇਂ ਜ਼ਿਲ੍ਹਾ ਇੰਡਸਟਰੀ ਸੈਂਟਰ ਦੇ ਜਨਰਲ ਮੈਨੇਜਰ ਸ੍ਰੀ ਵਿਸ਼ਵ ਬੰਧੂ ਨੇ ਦੱਸਿਆ ਕਿ ਮਸ਼ੀਨ ਟੂਲ ਕਲੱਸਟਰ ਲੁਧਿਆਣਾ ਲਈ ਮਨਜ਼ੂਰੀ ਉਪਰੰਤ ਡੀ.ਐੱਸ.ਆਰ. ਲਈ ਢਾਈ ਲੱਖ ਦੀ ਗ੍ਰਾਂਟ ਕੇਂਦਰ ਵੱਲੋਂ ਭੇਜ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਨਅਤਕਾਰਾਂ ਲਈ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਕੇਂਦਰ ਦੀ ਕਲੱਸਟਰ ਸਕੀਮ ਤਹਿਤ ਤੁਸੀਂ ਇਹ ਕੰਨਸੈਪਟ ਅਪਣਾਇਆ ਹੈ। ਉਨ੍ਹਾਂ ਸਨਅਤਕਾਰਾਂ ਨੂੰ ਅਪੀਲ ਕੀਤੀ ਕਿ ਜੋ ਕੇਂਦਰ ਸਰਕਾਰ ਜਲਦੀ ਹੀ ਸਾਰੀਆਂ ਸਕੀਮਾਂ ਆਨ ਲਾਈਨ ਕਰ ਰਹੀ ਹੈ, ਉਨ੍ਹਾਂ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਸਮੇਂ ਪ੍ਰਧਾਨ ਕ੍ਰਿਪਾਲ ਸਿੰਘ ਸਾਗਰ ਨੇ ਮੁੱਖ ਮਹਿਮਾਨ ਅਤੇ ਬਾਡੀ ਮਹਿਮਾਨਾਂ ਤੇ ਸਨਅਤਕਾਰਾਂ ਨੂੰ ਜੀ ਆਇਆ ਕਹਿੰਦਿਆਂ ਕਿਹਾ ਕਿ ਅਸੀਂ ਜਿੱਥੇ ਇੱਕ ਕਲੱਸਰ ਲਈ ਹਾਮੀ ਭਰਕੇ ਆਪਣਾ ਭਵਿੱਖ ਉਜਵਲ ਕੀਤਾ ਹੈ, ਉੱਥੇ ਐਸੋ. ਜਲਦੀ ਹੀ ਪੰਜਾਬ ਭਰ ਦੇ ਮਸ਼ੀਨ ਟੂਲ ਸਨਅਤਕਾਰਾਂ ਦੀ ਡਾਇਰੈਕਟਰੀ ਤਿਆਰ ਕਰਾ ਕੇ ਦੇਸ਼ ਦੇ ਮਸ਼ੀਨ ਟੂਲ ਗਾਹਕਾਂ ਤੱਕ ਪਹੁੰਚਾਏਗੀ ਤਾਂ ਜੋ ਉਨ੍ਹਾਂ ਨੂੰ ਉਤਪਾਦਕਾਂ ਦੀ ਸਾਰੀ ਜਾਣਕਾਰੀ ਮਿਲ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਜਲਦੀ ਹੀ ਅਸੀਂ ਐਸੋ. ਦੀ ਵੈੱਬ ਸਾਈਟ ਵੀ ਲਾਂਚ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੇ ਸਰਵੇ ਅਨੁਸਾਰ ਜੋ ਮਸ਼ੀਨਾਂ ਲੋਕੀਂ ਵਿਦੇਸ਼ਾਂ ਤੋਂ ਮੰਗਵਾਉਂਦੇ ਹਨ, ਉਹ ਆਪਣੀਆਂ ਉਸੇ ਤਰ੍ਹਾਂ ਦੀਆਂ ਮਸ਼ੀਨਾਂ ਨਾਲੋਂ 8 ਗੁਣਾਂ ਮਹਿੰਗੀਆਂ ਹਨ। ਸ੍ਰ. ਸਾਗਰ ਨੇ ਇਸ ਸਮੇਂ ਪੰਜਾਬ ਸਰਕਾਰ ਵੱਲੋਂ ਸਨਅਤਕਾਰਾਂ ਨਾਲ ਕੀਤੇ ਜਾਂਦੇ ਮਤਰੇਈ ਮਾਂ ਵਾਲੇ ਸਲੂਕ ਦੀ ਨਿੰਦਾ ਕਰਦਿਆਂ ਕਿਹਾ ਕਿ ਜਿਵੇਂ ਕੇਂਦਰ ਸਰਕਾਰ ਨੇ ਵੈਟ ਰੀਟਰਨ ਦੀ ਛੋਟ 1 ਕਰੋੜ ਤੋਂ ਵਧਾ ਕੇ ਡੇਢ ਕਰੋੜ ਕੀਤੀ ਗਈ ਹੈ। ਉਸੇ ਤਰ੍ਹਾਂ ਇਸ ਨੂੰ 2 ਕਰੋੜ ਤੱਕ ਮਹੀਨਾਵਾਰ ਭਰਨ ਲਈ ਸੰਮੇਲਨ ਕੀਤਾ ਜਾਵੇ, ਕਿਉਂਕਿ ਖਰੀਦਦਾਰਾਂ ਪਾਸ ਪੱਕਾ ਟਿੱਨ ਨੰ. ਹੁੰਦਾ ਹੈ, ਕੋਈ ਹੇਰਾ-ਫੇਰੀ ਨਹੀਂ ਹੁੰਦੀ ਸਾਰਾ ਕੁਝ ਆਨ ਲਾਈਨ ਦੇਖਿਆ ਜਾ ਸਕਦਾ ਹੈ, ਇਸ ਲਈ ਸੀ-ਫਾਰਮ ਦੀ ਸ਼ਰਤ ਖਤਮ ਹੋਵੇ, ਸਨਅਤਕਾਰਾਂ ਨੂੰ ਸਕਿਲਡ ਅਤੇ ਨਾਨ ਸਕਿਲਡ ਵਰਕਰਾਂ ਦੀ ਹੋ ਰਹੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਤੇ ਵਿਭਾਗ ਸਾਨੂੰ ਜ਼ਮੀਨ ਦੇਵੇ, ਜਿੱਥੇ ਡੀਜਾਈਨ ਅਤੇ ਟ੍ਰੇਨਿੰਗ ਸਕੂਲ ਬਣਾਇਆ ਜਾ ਸਕੇ। ਇਸ ਸਮੇਂ ਕਲੱਸਟਰ ਕੌਨਸਲਟੈਂਟ ਐੱਸ.ਪੀ. ਸਿੰਘ ਨੇ ਭਰਪੂਰ ਜਾਣਕਾਰੀ ਦਿੱਤੀ। ਹੋਰਨਾਂ ਤੋਂ ਇਲਾਵਾ ਇਸ ਸਮੇਂ ਸੁਰਜੀਤ ਸਿੰਘ ਮਨਕੂ, ਹਰਵਿੰਦਰ ਸਿੰਘ ਭੰਬਰ, ਨਰਿੰਦਰ ਸਿੰਘ, ਜਗਤਾਰ ਸਿੰਘ, ਕੁਲਦੀਪ ਸਿੰਘ, ਅਮਰਜੀਤ ਸਿੰਘ ਸਾਗਰ, ਦਵਿੰਦਰ ਸਿੰਘ ਅਤੇ ਸਤਪਾਲ ਸਿੰਘ ਸਾਗਰ ਸਮੇਤ ਦਫਤਰ ਸਕੱਤਰ ਸੁਖਦੇਵ ਸਿੰਘ ਵੀ ਹਾਜ਼ਰ ਸਨ।

ਦੀਕਸ਼ਾਂਤ ਗਲੋਬਲ ਸਕੂਲ ਪੰਚਕੂਲਾ 'ਚ

ਲੁਧਿਆਣਾ, 19 ਫ਼ਰਵਰੀ (ਰਾਜ ਜੋਸ਼ੀ) 21ਵੀਂ ਸ਼ਤਾਬਦੀ ਦੀ ਜ਼ਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਦੀਕਸ਼ਾਂਤ ਸਮੂਹ ਨੇ ਅੱਜ ਸੈਕਟਰ 12 ਪੰਚਕੂਲਾ 'ਚ ਆਪਣੇ ਨਵੇਂ ਦੀਕਸ਼ਾਂਤ ਗਲੋਬਲ ਸਕੂਲ ਨੂੰ ਖੋਲ੍ਹਣ ਦਾ ਐਲਾਨ ਕੀਤਾ ਹੈ। ਇਹ ਨਵਾਂ ਸਕੂਲ ਅਪ੍ਰੈਲ 2010 ਤੋਂ ਕਾਰਜਸ਼ੀਲ ਹੋ ਜਾਏਗਾ। ਕਰੀਬ 8 ਏਕੜ 'ਚ ਫੈਲਿਆ ਦੀਕਸ਼ਾਤ ਗਲੋਬਲ ਸਕੂਲ ਇਸ ਪੂਰੇ ਖੇਤਰ 'ਚ ਸਭ ਤੋਂ ਆਧੁਨਿਕ ਡਿਜੀਟਲ ਤਕਨੀਕ ਨਾਲ ਲੈਸ ਸਕੂਲ ਹੈ। ਜਿਸ ਵਿੱਚ ਸਭ ਕਲਾਸਰੂਪ ਤਕਨੀਕੀ ਸਮਰਥਾ ਨਾਲ ਹਨ। ਕਿਸੇ ਵੀ ਕਲਾਸਰੂਮ 'ਚ ਕੋਈ ਵੀ ਬਲੈਕਬੋਰਡ ਨਹੀਂ ਹੈ। ਉਨ੍ਹਾਂ ਦੀ ਬਜਾਏ ਇਲੈਕਟਰਾਨਿਕ ਡਿਸਪਲੇਜ ਹਨ ਜੋ ਕਿ ਇੰਟਰਨੈੱਟ ਨਾਲ ਵੀ ਜੁੜੇ ਹਨ। ਸਟੂਡੈਂਟਸ ਨਰਸਰੀ ਤੋਂ ਹੀ ਵਨ ਲੈਪਟਾਪ ਪ੍ਰੋਗਰਾਮ ਨਾਲ ਜੁੜੇ ਰਹਿਣਗੇ। ਸਭ ਸਟੂਡੈਂਟਸ ਦੇ ਕੋਲ ਸਮਾਰਟ ਕਾਰਡਸ, ਇਲੈਕਟ੍ਰਾਨਿਕ ਆਈਡੀ ਬੈਜੇਸ ਹੋਣਗੇ ਜੋ ਕਿ ਆਪਣੀ ਮੌਜੂਦਗੀ ਦਰਜ ਕਰਾਉਣ ਤੋਂ ਲੈ ਕੇ ਲਾਕਰ ਆਦਿ ਖੋਲ੍ਹਣ ਦੇ ਕੰਮ ਆਉਣਗੇ। ਸਕੂਲ ਦੀ ਦੂਜੀ ਮੰਜ਼ਿਲ 'ਤੇ ਇੱਕ ਹੈਲਪ ਡੈਸਕ ਵੀ ਬਣਾਇਆ ਗਿਆ ਹੈ ਜੋ ਕਿ ਸਟੂਡੈਂਟਸ ਨੂੰ ਲੈਪਟਾਪ ਆਦਿ ਦੀ ਬੈਟਰੀਜ ਰੀਚਾਰਜ ਕਰਨ ਤੇ ਹੋਰ ਸਮੱਸਿਆਵਾਂ ਹੱਲ ਕਰਨ 'ਚ ਸਹਾਇਤਾ ਕਰੇਗਾ। ਸਕੂਲ ਦੇ ਪ੍ਰਿੰਸੀਪਲ ਸ੍ਰ. ਏ. ਐਨ. ਧਰ ਅਐ ਡਾਇਰੈਕਟਰ ਮਿਤਲ ਦੀਕਸ਼ਾਂਤ ਨੇ ਇਕ ਪ੍ਰੈੱਸ ਮਿਲਣੀ ਵਿੱਚ ਦੱਸਿਆ ਕਿ ਇਿ ਜੀਰਕਪੁਰ ਅਤੇ ਹਲਦੁਆਨੀ ਉਪਰੰਤ ਉਨ੍ਹਾਂ ਦਾ ਤੀਸਰਾ ਸਕੂਲ ਹੈ।

ਭਾਈ ਘਨੱਈਆ ਸਿਹਤ ਸੇਵਾਵਾਂ ਸਕੀਮ ਬਹੁਤ ਹੀ ਲਾਹੇਵੰਦ-ਮਿੱਤਲ

ਮੋਹਾਲੀ, 19 ਫਰਵਰੀ (ਵੀਨਾ ਰਾਜਪੂਤ) : ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵੱਲੋਂ ਭਾਈ ਘਨੱਈਆਂ ਸਿਹਤ ਸੇਵਾਂਵਾਂ ਸਕੀਮ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਕਰਮਚਾਰੀਆਂ ਉਨ੍ਹਾਂ ਦੇ ਪਰਿਵਾਰਾਂ ਦੇ ਬਹੁਤ ਹੀ ਲਾਹੇਵੰਦ ਸਾਬਤ ਹੋਈ ਹੈ। ਪੇਂਡੂ ਖੇਤਰਾਂ ਦੇ ਆਮ ਵਰਗਾ ਅਤੇ ਖਾਸ ਤੌਰ ਤੇ ਕਿਸਾਨਾਂ ਲਈ ਘੱਟ ਦਰਾ ਤੇ ਚੰਗੇ ਇਲਾਜ ਲਈ ਇਹ ਸੁਵਿਧਾ ਦਿੱਤੀ ਗਈ ਸੀ। ਇਸ ਗੱਲ ਦੀ ਜਾਣਕਾਰੀ ਸ੍ਰੀ ਜਸਪਾਲ ਮਿੱਤਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਪ੍ਰਬੰਧਕੀ ਕੰਪਲੈਕਸ਼ ਐਸ.ਏ.ਐਸ.ਨਗਰ ਦੇ ਮੀਟਿੰਗ ਹਾਲ ਵਿਖੇ ਸਹਿਕਾਰੀ ਵਿਭਾਗ ਅਤੇ ਹੋਰਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਿਲ੍ਹੇ ਵਿੱਚ ਭਾਈ ਘਨੱਈਆਂ ਸਿਹਤ ਸਕੀਮ ਦੇ ਲੇਖੇ ਜੋਖੇ ਲਈ ਸੱਦੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਸ੍ਰੀ ਮਿੱਤਲ ਨੇ ਦੱਸਿਆ ਕਿ ਇਹ ਸਕੀਮ ਭਾਈ ਘਨੱਈਆਂ ਟਰੱਸਟ ਵਲੋਂ ਚਲਾਈ ਜਾ ਰਹੀ ਹੈ ਜਿਸ ਦੇ ਚੇਅਰਮੈਨ ਮੁੱਖ ਮੰਤਰੀ ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਹਨ । ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਰਾਜ ਵਿੱਚ 6.45ਲੱਖ ਲਾਭ ਪਾਤਰੀਆਂ ਦੀ ਰਜਿਸ਼ਟਰੇਸ਼ਨ ਕਰਵਾਈ ਗਈ ਅਤੇ 32 ਕਰੋੜ ਰੁਪਏ ਦੇ ਸਲਾਨਾ ਪ੍ਰੀਮੀਅਰ ਦੇ ਵਿਰੁੱਧ ਹੁਣ ਤੱਕ ਲਾਭ ਪਾਤਰੀਆਂ ਦੇ 40 ਕਰੋੜ ਰੁਪਏ ਦੇ ਮੈਡੀਕਲ ਕਲੇਮ ਪਾਸ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਸਹਿਕਾਰੀ ਸਭਾਵਾਂ ਦੇ ਮੈਂਬਰ /ਕਰਮਚਾਰੀ , ਸਹਿਕਾਰਤਾ ਵਿਭਾਗ ਦੇ ਮੌਜੂਦਾ ਅਤੇ ਰਿਟਾਇਰਡ ਕਰਮਚਾਰੀ ਅਤੇ ਟਰੱਸਟ ਦੇ ਅਧਿਕਾਰੀ/ਕਰਮਚਾਰੀ ਲਾਭਪਾਤਰੀ ਬਣ ਸਕਦੇ ਹਨ ਪਰ ਉਨ੍ਹਾਂ ਦੀ ਉਮਰ 75 ਸਾਲ ਤੋਂ ਵੱਧ ਨਾ ਹੋਵੇ ਲਾਭ ਪਾਤਰੀਆਂ ਨੂੰ ਸਕੀਮ ਅਧੀਨ ਸੇਵਾਂਵਾਂ ਦੇਣ ਲਈ 217 ਪ੍ਰਾਈਵੇਟ ਹਸਪਤਾਲਾਂ ਦੀ ਚੋਣ ਕੀਤੀ ਗਈ ਜਿਨ੍ਹਾ ਵਿੱਚ ਮੋਹਾਲੀ ਫੋਰਟਿਸ, ਅਪੋਲੋ ਹਸਪਤਾਲ ਲੁਧਿਆਣਾ , ਹੀਰੋ ਹਰਟ ਲੁਧਿਆਣਾ, ਸੀ.ਐਮ.ਸੀ ਲੁਧਿਆਣਾ, ਅਦੇਸ਼ ਹਸਪਤਾਲ ਮੁਕਤਸਰ, ਦਸ਼ਮੇਸ਼ ਹਸਪਤਾਲ ਫਰੀਦਕੋਟ ਆਦਿ ਸਾਮਿਲ ਹਨ। ਇਸ ਮੌਕੇ ਸ੍ਰੀ ਆਰ.ਐਸ. ਮਾਨ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਨੇ ਦੱਸਿਆ ਕਿ ਸਹਿਕਾਰਤਾ ਵਿਭਾਗ ਵੱਲੋਂ ਇਸ ਸਕੀਮ ਦਾ ਪਿਛਲੇ ਸਾਲਾ ਦਾ ਟੀਚਾ ਮੁਕੰਮਲ ਕਰ ਲਿਆ ਗਿਆ ਹੈ। ਇਸ ਮੌਕੇ ਸ੍ਰੀਮਤੀ ਨਵਜੋਤ ਕੌਰ ਸਹਾਇਕ ਕਮਿਸ਼ਨਰ (ਸਿਕਾਇਤਾਂ), ਸ੍ਰੀ ਰਾਜੇਸ਼ ਧੀਮਾਨ ਤਹਿਸੀਲਦਾਰ ਖਰੜ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਵੀ ਮੌਜੂਦ ਸਨ।

ਭ੍ਰਿਸ਼ਟਚਾਰ ਵਿਰੁੱਧ ਪੁਲਿਸ ਨੇ ਮੰਗਿਆ ਸਹਿਯੋਗ

ਅੰਮ੍ਰਿਤਸਰ, 19 ਫਰਵਰੀ (ਮੋਤਾ ਸਿੰਘ)-ਭ੍ਰਿਸ਼ਟਾਚਾਰ ਵਿਰੋਧੀ ਅਤੇ ਸਮਾਜ ਭਲਾਈ ਐਸੋਸੀਏਸ਼ਨ (ਰਜਿ.) ਪੰਜਾਬ ਨੇ ਨਸ਼ਿਆਂ ਦੇ ਖਾਤਮੇ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਚਲਾਈ ਮੁਹਿੰਮ ਲਈ ਪੁਲਿਸ ਤੋਂ ਸਹਿਯੋਗ ਮੰਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਮਾਸਟਰ ਸੁਖਦੇਵ ਸਿੰਘ ਸਰਜਾ, ਸ਼ਹੀਦ ਰਾਜਗੁਰੂ ਨਸ਼ਾ ਵਿਰੋਧੀ ਫਰੰਟ ਦੇ ਪ੍ਰਧਾਨ ਸ੍ਰ. ਜਸਬੀਰ ਸਿੰਘ ਮਾਨਾਂਵਾਲਾ ਅਤੇ ਸੰਤ ਬਾਬਾ ਭਗਤ ਸਿੰਘ ਸਪੋਰਟਸ ਕਲੱਬ ਭੋਮਾ ਦੇ ਜਨਰਲ ਸਕੱਤਰ ਸ੍ਰ. ਰਣਜੀਤ ਸਿੰਘ ਭੋਮਾ ਨੇ ਇੱਥੋਂ ਜਾਰੀ ਇੱਕ ਬਿਆਨ ਵਿੱਚ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਪੁਲਿਸ ਕਮਿਸ਼ਨਰ ਨਿਯੁਕਤ ਕਰਨ ਤੇ ਡਿਪਟੀ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ।

ਪੰਜਵਾਂ ਖੂਨਦਾਨ ਕੈਂਪ ਲਗਾਇਆ

ਸਮਾਲਸਰ, 19 ਫਰਵਰੀ (ਭੁਪਿੰਦਰ ਸਿੰਘ, ਕੰਵਲਜੀਤ ਸਿੰਘ ਭੋਲਾ)-ਕਸਬਾ ਸਮਾਲਸਰ ਵਿੱਚ ਬਣੀ ਇਤਿਹਾਸਕ ਜਗ੍ਹਾ ਡੇਰਾ ਬਾਬਾ ਕੌਲ ਦਾਸ ਵਿੱਚ ਸਮਾਲਸਰ ਸਮਾਜ ਸੇਵਾ ਸੰਮਤੀ ਵੱਲੋਂ ਰੂਰਲ ਐੱਨ.ਜੀ.ਓ. ਬਲਾਕ ਬਾਘਾ ਪੁਰਾਣਾ ਅਤੇ ਮੈਡੀਕਲ ਪ੍ਰੈਕਟੀਸਨਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਪੰਜਵਾਂ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਮੋਗਾ ਹੈਲਥ ਅਫਸਰ ਕੁਲਦੀਪ ਸਿੰਘ ਵਿਸ਼ੇਸ਼ ਤੌਰ 'ਤੇ ਡਾਕਟਰ ਤਰਲੋਚਨ ਸਿੰਘ, ਡਾ. ਰਿਤੂ ਜੈਨ ਡਾਕਟਰ ਜਗਰੂਪ ਕਟਾਰੀਆ ਆਪਣੀ ਪੂਰੀ ਟੀਮ ਨਾਲ ਇਸ ਕੈਂਪ ਵਿੱਚ ਪਹੁੰਚੇ ਅਤੇ ਮੁੱਖ ਮਹਿਮਾਨ ਦੇ ਤੌਰ 'ਤੇ ਥਾਣਾ ਮੁਖੀ ਸਵਰਨ ਸਿੰਘ ਸਮਾਲਸਰ ਨੇ ਸ਼ਿਰਕਤ ਕੀਤੀ। ਇਸ ਕੈਂਪ ਵਿੱਚ ਖੂਨਦਾਨ ਕਰਨ ਵਾਲਿਆਂ ਵਿੱਚ ਨੌਜਵਾਨ ਬੀਬੀਆਂ ਨੇ ਵੀ ਭਾਰੀ ਉਤਸ਼ਾਹ ਦਿਖਾਇਆ ਅਤੇ ਨੌਜਵਾਨ ਵੀ ਖੂਨਦਾਨ ਕਰਨ ਲਈ ਹੁੰਮ ਹੁਮਾ ਕੇ ਪਹੁੰਚੇ। ਇਸ ਕੈਂਪ ਵਿੱਚ ਡਾਕਟਰਾਂ ਦੀ ਟੀਮ ਹਰ ਖੂਨ ਦੇਣ ਵਾਲੇ ਵਿਅਕਤੀ ਦੀ ਚੈੱਕਅੱਪ ਕਰਕੇ ਖੂਨ ਲੈ ਰਹੇ ਸਨ। ਇਸ ਸਮੇਂ ਸੰਮਤੀ ਦੇ ਪ੍ਰਧਾਨ ਡਾਕਟਰ ਬਲਰਾਜ ਸਿੰਘ, ਦੀਪਕ ਅਰੋੜਾ, ਉਮਕਾਰ ਸਿੰਘ ਮੈਡੀਕਲ ਪ੍ਰੈਕਟੀਸਨ ਦੇ ਪ੍ਰਧਾਨ ਮੁਕੇਸ਼ ਛਾਬੜਾ, ਦਵਿੰਦਰਪਾਲ ਰਾਜਾ, ਸੁਖਦੇਵ ਸਿੰਘ, ਮੱਖਣ ਸਿੰਘ, ਜਗਸੀਰ ਹਰੀ ਨਰੈਣ, ਰਵਿੰਦਰ ਕੁਮਾਰ, ਨਾਹਰ ਸਿੰਘ ਮੌਜੀ, ਰੂਰਲ ਐੱਨ.ਜੀ.ਓ. ਦੇ ਬਲਾਕ ਪ੍ਰਧਾਨ ਰੇਸ਼ਮ ਸਿੰਘ ਜ਼ਿਲ੍ਹਾ ਪ੍ਰਧਾਨ ਮਹਿੰਦਰਪਾਲ ਲੂੰਬਾ, ਰਾਜ ਗੋਇਲ, ਸਾਧੂ ਸਿੰਘ ਆਦਿ ਭਾਰੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

ਨੌਜਵਾਨ ਹੱਕ-ਸੱਚ ਦੀ ਪ੍ਰਾਪਤੀ ਲਈ ਅੱਗੇ ਆਉਣ-ਢੀਂਡਸਾ

ਮਹਿਲ ਕਲਾਂ, 19 ਫ਼ਰਵਰੀ (ਬਲਵਿੰਦਰ ਸਿੰਘ ਵਜੀਦਕੇ)- ਸਿੱਖ ਕੌਮ ਦਾ ਇਤਿਹਾਸ ਹਰ ਕਿਸਮ ਦੇ ਜਬਰ ਜ਼ੁਲਮ ਵਿਰੁੱਧ ਸ਼ਾਨਾਮੱਤੇ ਸੰਘਰਸ਼ਾਂ ਅਤੇ ਕੁਰਬਾਨੀਆਂ ਭਰਿਆ ਹੈ, ਜਿਸ ਦੀ ਕਿੱਧਰੇ ਮਿਸਾਲ ਨਹੀਂ ਮਿਲਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਸਕੱਤਰ ਜਨਰਲ ਸ੍ਰ. ਸੁਖਦੇਵ ਸਿੰਘ ਢੀਂਡਸਾ ਸਾਬਕਾ ਕੇਂਦਰੀ ਕੈਬਨਿਟ ਮੰਤਰੀ ਨੇ ਅੱਜ ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਲ੍ਹਾ ਸਾਹਿਬ ਛਾਪਾ ਵਿਖੇ ਵੱਡੇ ਘੱਲੂਘਾਰੇ ਦੇ ਪੈਂਤੀ ਹਜ਼ਾਰ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਮਨਾਏ ਗਏ ਸ਼ਹੀਦੀ ਜੋੜ ਮੇਲੇ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁਗਲ ਹਕੂਮਤ ਨਾਲ ਲੋਹਾ ਲੈਂਦਿਆਂ ਵੱਡੀ ਗਿਣਤੀ ਵਿੱਚ ਸ਼ਹਾਦਤਾਂ ਪ੍ਰਾਪਤ ਕਰ ਗਏ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ ਹੈ। ਜਿਸ ਤੋਂ ਸੇਧ ਲੈ ਕੇ ਨੌਜਵਾਨ ਪੀੜ੍ਹੀ ਨੂੰ ਹੱਕ, ਸੱਚ ਦੀ ਪ੍ਰਾਪਤੀ ਅਤੇ ਸਮਾਜਿਕ ਅਲਾਮਤਾਂ ਵਿਰੁੱਧ ਇਕਜੁੱਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਸ੍ਰ. ਢੀਂਡਸਾ ਨੇ ਕਿਹਾ ਕਿ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਪੰਜਾਬ ਸਰਕਾਰ ਵੱਲੋਂ ਕੁੱਪ ਰੋਹੀੜਾ ਤੋ ਗਹਿਲ ਤੱਕ ਬਣਾਏ ਜਾ ਰਹੇ ਸ਼ਹੀਦੀ ਮਾਰਗ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਜਿਸ ਨੂੰ ਜਲਦੀ ਹੀ ਮੁਕੰਮਲ ਕਰਵਾਇਆ ਜਾਵੇਗਾ।

ਕਿਲੇ ਮੁਹੱਲੇ 'ਚ ਆਂਗਨਵਾੜੀ ਸੈਂਟਰ ਖੋਲ੍ਹਿਆ

ਨਵਾਂ ਸ਼ਹਿਰ, 19 ਫਰਵਰੀ (ਗੁਰਜੀਤ ਸਿੰਘ)-ਪੰਜਾਬ ਸਰਕਾਰ ਦੇ ਵਿਭਾਗ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨਵੇਂ ਖੋਲ੍ਹੇ ਜਾਣ ਵਾਲੇ ਆਂਗਨਵਾੜੀ ਸੈਂਟਰ ਦੀ ਕਤਾਰ ਵਿੱਚ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਕਿਲਾ ਮੁਹੱਲਾ ਵਾਰਡ ਨੰਬਰ -1 ਦੇ ਵਿੱਚ ਨਵਾਂ ਆਂਗਨਵਾੜੀ ਸੈਂਟਰ ਖੋਲ੍ਹਿਆ ਗਿਆ, ਇਸ ਦਾ ਉਦਘਾਟਨ ਸਮਾਜ ਸੇਵੀ ਸੰਸਥਾ ਦੋਆਬਾ ਸ਼ੋਸ਼ਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸ੍ਰ. ਨਰਿੰਦਰ ਸਿੰਘ ਰਠੌਰ ਨੇ ਕੀਤਾ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਾਈ ਮਨੁੱਖੀ ਜੀਵਨ ਦੀ ਨੀਂਹ ਹੁੰਦੀ ਹੈ ਅਤੇ ਇਸ ਨੂੰ ਹਾਸਲ ਕਰਨਾ ਭਾਰਤੀ ਸੰਵਿਧਾਨ ਦੇ ਤਹਿਤ ਭਾਰਤ ਦੇ ਸਭ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ। ਇਨ੍ਹਾਂ ਇਹ ਵੀ ਕਿਹਾ ਕਿ ਜੇ ਮਕਾਨ ਦੀ ਨੀਂਹ ਕੱਚੀ ਰਹੇਗੀ ਤਾਂ ਮਕਾਨ ਜ਼ਿਆਦਾ ਸਮਾਂ ਖੜਾ ਨਹੀਂ ਰਹਿ ਸਕਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਰਵਿੰਦਰ ਕੁਮਾਰੀ ਸੁਪਰਵਾਈਜ਼ਰ, ਸੁਖਵਿੰਦਰ ਕੌਰ, ਆਂਗਨਵਾੜੀ ਵਰਕਰ, ਸੁਨੀਤਾ ਰਾਣੀ, ਆਂਗਨਵਾੜੀ ਹੈਲਪਰ, ਮਨਜੀਤ ਕੌਰ ਪ੍ਰਧਾਨ ਕਿਲ੍ਹਾ ਮੁਹੱਲਾ, ਕੁਲਦੀਪ ਸਿੰਘ ਸੈਭੀ, ਮੋਹਣ ਲਾਲ ਬੰਗੜ ਅਤੇ ਅੰਮ੍ਰਿਤਪਾਲ ਸਿੰਘ ਹਾਜ਼ਰ ਸਨ।

ਸਾਖਰਤਾ ਕੈਂਪ ਦਾ ਆਯੋਜਨ ਕੀਤਾ

ਹੁਸ਼ਿਆਰਪੁਰ, 19 ਫਰਵਰੀ: (ਧਵਨ) ਮਾਨਯੋਗ ਜ਼ਿਲਾ ਤੇ ਸ਼ੈਸ਼ਨਜ਼ ਜੱਜ ਸ਼੍ਰੀ ਐਸ ਕੇ ਗੋਇਲ ਦੀ ਦੇਖ-ਰੇਖ ਵਿਚ ਪਿੰਡ ਬਸੀ ਗੁਲਾਮ ਹੁਸੈਨ ਬਲਾਕ ਹੁਸ਼ਿਆਰਪੁਰ-1 ਵਿਖੇ ਅੱਜ ਇੱਕ ਕਾਨੂੰਨੀ ਸਾਖਰਤਾ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੀ ਪ੍ਰਧਾਨਗੀ ਸ਼੍ਰੀ ਚਰਨਜੀਤ ਸਿੰਘ ਸਹਾਇਕ ਜ਼ਿਲਾ ਅਟਾਰਨੀ ਕਾਨੂੰਨੀ ਸੇਵਾਵਾਂ ਨੇ ਕੀਤੀ। ਉਹਨਾਂ ਇਸ ਮੌਕੇ ਤੇ ਆਏ ਹੋਏ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਲੈਣ ਦੇ ਤਰੀਕੇ ਬਾਰੇ, ਸਮਝੌਤਾ ਕੇਂਦਰ ਬਾਰੇ, ਭਰੂਣ ਹੱਤਿਆ ਅਤੇ ਨਸ਼ਿਆਂ ਖਿਲਾਫ ,ਲੋਕ ਅਦਾਲਤਾਂ ਦੇ ਲਾਭਾਂ ਬਾਰੇ ਅਤੇ 6 ਮਾਰਚ 2010 ਨੂੰ ਹੁਸ਼ਿਆਰਪੁਰ ਜ਼ਿਲੇ ਵਿਚ ਲਗਾਈਆਂ ਜਾ ਰਹੀਆਂ ਲੋਕ ਅਦਾਲਤਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਉਹਨਾਂ ਨੇ ਪਿੰਡ ਦੀ ਗਰੀਬ ਜਨਤਾ ਨੂੰ ਨਰੇਗਾ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਲੋੜਵੰਦ ਅਪਣਾ ਜਾਬ ਕਾਰਡ ਜ਼ਰੂਰ ਬਣਾਵੇ ਅਤੇ ਜਾਬ ਕਾਰਡ ਆਪਣੇ ਪਾਸ ਰੱਖੇ ਅਤੇ ਕੰਮ ਦੀ ਮੰਗ ਲਿਖਤੀ ਰੂਪ ਕੀਤੀ ਜਾਵੇ ਅਤੇ ਕੰਮ ਨਾ ਮਿਲਣ ਤੇ ਬੇਰੁਜ਼ਗਾਰੀ ਭੱਤੇ ਮਿਲਣ ਦੀ ਜਾਣਕਾਰੀ ਦਿਤੀ । ਉਹਨਾਂ ਦਸਿਆ ਕਿ ਸਾਲ ਵਿਚ 100 ਦਿਨ ਕੰਮ ਕਰਨਾ ਉਹਨਾਂ ਦਾ ਹੱਕ ਹੈ ਅਤੇ ਜੇਕਰ ਕਿਸੇ ਨੂੰ ਨਰੇਗਾ ਸਕੀਮ ਨਾਲ ਕੋਈ ਸ਼ਿਕਾਇਤ ਜਾਂ ਕੋਈ ਝਗੜਾ ਹੈ, ਤਾਂ ਉਹ ਇਸ ਦੇ ਹੱਲ ਲਈ ਮਾਨਯੋਗ ਜ਼ਿਲਾ ਤੇ ਸ਼ੈਸ਼ਨਜ਼ ਜੱਜ ਦੀ ਕੋਰਟ, ਸਿਵਲ ਜੱਜ (ਸ ,ਡ) ਕੋਲ ਜਾਂ ਸਹਾਇਕ ਜ਼ਿਲਾ ਅਟਾਰਨੀ (ਕ ਸ) ਕੋਲ ਦਰਖਾਸਤ ਦੇ ਸਕਦੇ ਹਨ। ਕੈਂਪ ਵਿਚ ਮੁਫਤ ਕਾਨੂੰਨੀ ਸਹਾਇਤਾ ਸਕੀਮ ਅਤੇ ਨਰੇਗਾ ਸਕੀਮ ਨਾਲ ਸਬੰਧਤ ਪ੍ਰਚਾਰ ਸਮਗਰੀ ਵੀ ਮੁਫਤ ਵੰਡੀ ਗਈ। ਕੈਂਪ ਵਿਚ ਸ਼੍ਰੀ ਅਮਿੱਤ ਕੋਹਲੀ ਵਕੀਲ ਵਲੋਂ ਲੋਕਾਂ ਨੂੰ ਐਮ ਏ ਸੀ ਟੀ ਕਾਨੂੰਨ ਬਾਰੇ, 125 ਸੀ ਆਰ ਪੀ ਸੀ ਬਾਰੇ, ਪੁਲਿਸ ਹਿਰਾਸਤ ਵਿਚ ਵਿਅਕਤੀ ਦੇ ਅਧਿਕਾਰਾਂ ਬਾਰੇ, ਵਿਆਹ ਅਤੇ ਤਲਾਕ ਦੇ ਕਾਨੂੰਨ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਅਜੇ ਸ਼ਰਮਾ ਵਕੀਲ ਵਲੋਂ ਹਾਜ਼ਰ ਲੋਕਾਂ ਨੂੰ ਸੂਚਨਾ ਅਧਿਕਾਰ ਐਕਟ ,ਬਜ਼ੁਰਗਾਂ ਲਈ ਨਵੇਂ ਬਣੇ ਕਾਨੂੰਨ 2009 ਬਾਰੇ, ਘਰੇਲੂ ਹਿੰਸਾ ਐਕਟ ਬਾਰੇ, ਉਪ-ਭੋਗਤਾ ਅਧਿਕਾਰਾਂ ਬਾਰੇ ਅਤੇ ਸਿਖਿਆ ਦੇ ਅਧਿਕਾਰ ਬਾਰੇ ਲੋਕਾਂ ਨੂੰ ਵਿਸਥਾਰ ਪੂਰਬਕ ਜਾਣਕਾਰੀ ਦਿਤੀ। ਇਸ ਮੌਕੇ ਤੇ ਸ਼੍ਰੀ ਅਰੁਣ ਭਾਰਗਵ ਵਕੀਲ, ਜਸਬੀਰ ਸਿੰਘ ਪ੍ਰਧਾਨ ਇਸਕੋਰਟ ਸਪੋਰਟਸ ਕਲੱਬ ਬਸੀ ਗੁਲਾਮ ਹੁਸੈਨ, ਠਾਕੁਰ ਨਿਰਬੀਰ ਸਿੰਘ ਸਰਪੰਚ, ਸੁਰਿੰਦਰ ਕੁਮਾਰ ਹੈਡਮਾਸਟਰ ਸਰਕਾਰੀ ਹਾਈ ਸਕੂਲ, ਸ਼੍ਰੀਮਤੀ ਮੀਨਾ ਕੁਮਾਰੀ ਪੰਚ, ਜਗਰੂਪ ਲਾਲ ਪੰਜ, ਸੰਜੀਵ ਕੁਮਾਰ ਪੰਚ, ਸੁੱਚਾ ਸਿੰਘ ਨੰਬਰਦਾਰ ਤੋਂ ਇਲਾਵਾ ਸ਼ੋਸ਼ਲ ਵਰਕਰ, ਆਂਗਣਵਾੜੀ ਵਰਕਰ ਅਤੇ ਮਹਿਲਾ ਮੰਡਲ ਦੇ ਮੈਂਬਰਾਂ ਹਾਜ਼ਰ ਸਨ।

ਸਾਲਾਨਾ ਸਮਾਰੋਹ ਦਿਵਸ ਮਨਾਇਆ

ਮੋਹਾਲੀ, 19 ਫ਼ਰਵਰੀ (ਵੀਨਾ ਰਾਜਪੂਤ) : ਮਾਤਾ ਸਾਹਿਬ ਕੌਰ ਕਾਲਜ ਆਫ਼ ਨਰਸਿੰਗ ਦੇ ਕਾਲਜ ਕੈਂਪਸ ਵਿਚ ਸਾਲਾਨਾ ਸਮਾਰੋਹ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੇ ਮੁੱਖ ਮਹਿਮਾਨ ਸ. ਚਰਨਜੀਤ ਸਿੰਘ ਵਾਲੀਆ ਚੇਅਰਮੈਨ ਅਤੇ ਜਸਵਿੰਦਰ ਕੌਰ ਵਾਲੀਆ ਡਾਇਰੈਕਟਰ ਨੂੰ ਜੀ ਆਇਆਂ ਕਿਹਾ। ਸਮੁੱਚੇ ਸਮਾਰੋਹ 'ਚ ਬਹੁਤ ਵਧੀਆ ਖੁਸ਼ੀਆਂ ਦਾ ਮਾਹੌਲ ਸੀ। ਏ.ਐਨ.ਐਮ ਪਹਿਲੇ ਸਾਲ ਦੀਆਂ ਵਿਦਿਆਰਥਣਾਂ ਨੇ ਹਿਮਾਚਲੀ ਨਾਚ, ਤੇ ਜੀ.ਐਨ.ਐਮ ਤੀਜੇ ਸਾਲ ਦੀਆਂ ਵਿਦਿਆਰਥਣਾਂ ਨੇ ਮੈਡਲੇ ਨਾਚ ਪੇਸ਼ ਕੀਤਾ। ਇਸ ਤੋਂ ਬਾਅਦ ਸੁੰਦਰਤਾ ਮੁਕਾਬਲੇ ਕਰਵਾਏ ਗਏ ਜਿਸ ਵਿਚ ਫਰੈਸ਼ਰ, ਮਿਸ ਚਾਰਮਿੰਗ ਅਤੇ ਮਿਸ ਪ੍ਰਸਨੈਲਿਟੀ ਵਿਚ ਕ੍ਰਮਵਾਰ ਗਗਨਪ੍ਰੀਤ ਕੌਰ, ਨੇਹਾ ਸਿਆਮ ਅਤੇ ਮਨਵਿੰਦਰ ਕੌਰ ਨੂੰ ਸਰਵੋਤਮ ਕਰਾਰ ਦਿੱਤਾ ਗਿਆ।

ਕਾਲਾ ਸੰਘਿਆਂ ਨਾਲੇ ਵਿੱਚ ਗੰਦਾ ਪਾਣੀ ਕਈ ਬਿਮਾਰੀਆਂ ਦਾ ਕਾਰਨ-ਸੰਤ ਸੀਚੇਵਾਲ

ਡੀ. ਸੀ. ਵੱਲੋਂ ਕਾਰਵਾਈ ਦਾ ਭਰੋਸਾ

ਜਲੰਧਰ, 19 ਫਰਵਰੀ (ਮਲਕੀਤ ਸਿੰਘ ਬਰਾੜ) ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੋ ਕਾਲਾ ਸੰਘਿਆ ਡਰੇਨ (ਨਾਲੇ) ਵਿੱਚ ਪੈਂਦੇ ਜ਼ਹਿਰੀਲੇ ਪਾਣੀ ਨੂੰ ਸਾਫ਼ ਕਰਵਾਉਣ ਲਈ ਕਾਫ਼ੀ ਸਮੇਂ ਤੋਂ ਜਦੋਂ ਜਹਿੱਦ ਕਰ ਰਹੇ ਹਨ ਨੇ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਹੈ ਕਿ ਭਰੋਸੇ ਦੇਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਦੀਆਂ ਜਾਨਾ ਬਚਾਉਣ ਲਈ ਅੱਜ ਤੱਕ ਕੋਈ ਕਰਵਾਈ ਨਹੀਂ ਕੀਤੀ। ਅੱਜ ਇੱਥੇ ਇਲਾਕਾ ਨਿਵਾਸੀਆਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਡਰੇਨ ਵਿੱਚ ਜਲੰਧਰ ਦੀਆਂ ਫੈਕਟਰੀਆਂ ਦੇ ਜ਼ਹਿਰੀਲੇ ਰਸਾਇਣ ਅਤੇ ਸੀਵਰੇਜ਼ ਦੇ ਪਾਣੀ ਨਾਲ ਆਲੇ-ਦੁਆਲੇ ਰਹਿਣ ਵਾਲੇ ਲੋਕ ਕਾਲਾ ਪੀਲੀਆ, ਅੰਤੜੀ ਰੋਗ, ਚਮੜੀ ਰੋਗ ਤੇ ਸਾਹ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਉਨ੍ਹਾਂ ਇਲਾਜ ਵਾਸਤੇ ਕਰਜ਼ੇ ਲੈਣ ਤੋਂ ਇਲਾਵਾ ਜ਼ਮੀਨਾਂ ਤੱਕ ਵੇਚ ਦਿੱਤੀਆਂ ਹਨ। ਕਾਲਾ ਸੰਘਿਆ ਡਰੇਨ (ਨਾਲੇ) ਚਿੱਟੀ ਵੇਈ ਅਤੇ ਬੁੱਢੇ ਨਾਲੇ ਵਿੱਚ ਪਾਇਆ ਜਾ ਰਿਹਾ ਇਹ ਪਾਣੀ ਸਤਲੁਜ ਦਰਿਆ ਨੂੰ ਗੰਦਾ ਕਰਦਾ ਹੋਇਆ ਹਰੀਕੇ ਹੈੱਡਵਰਕਸ ਤੋਂ ਨਹਿਰਾਂ ਰਾਹੀਂ ਮਾਲਵਾ ਅਤੇ ਰਾਜਸਥਾਨ ਵਿੱਚ ਮਨੁੱਖੀ ਜਾਨਾਂ ਦੀ ਤਬਾਹੀ ਕਰ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਜ਼ਹਿਰੀਲੇ ਪਾਣੀ ਦੀ ਮਿਲਾਵਟ ਤੁਰੰਤ ਬੰਦ ਕੀਤੀ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਤ ਸੁਖਜੀਤ ਸਿੰਘ ਸੀਚੇਵਾਲ, ਮੇਹਰ ਸਿੰਘ ਮੋਤੀਪੁਰ, ਗੁਰਦੇਵ ਸਿੰਘ, ਸਵਰਾਜ ਸਿੰਘ ਅਮਰੀਕਾ ਵਾਲੇ, ਡਾ. ਬਲਬੀਰ ਸਿੰਘ ਭੌਰਾ, ਅਮਰਜੀਤ ਸਿੰਘ ਨਿਝੱਰ, ਬਲਦੇਵ ਕ੍ਰਿਸ਼ਨ ਸਿੰਘ, ਵਿਰਸਾ ਸਿੰਘ ਬਹਿਲਾ, ਗੁਰਚਰਨ ਸਿੰਘ ਭਲਾਈਪੁਰ ਸਮੇਤ ਬਹੁਤ ਸਾਰੇ ਇਲਾਕਾ ਨਿਵਾਸੀਆਂ ਮੌਜੂਦ ਸਨ।

ਕਿਸਾਨ ਆਗੂ ਤਖਤੂਪੁਰਾ ਦੀ ਹੱਤਿਆ ਦੀ ਜ਼ੋਰਦਾਰ ਨਿਖੇਧੀ

ਕੁਹਾੜਾ 19 ਫਰਵਰੀ (ਗੁਰਨਾਮ) ਬਿਜਲੀ ਮੁਲਾਜਮਾਂ ਦੀ ਜੱਥੇਬੰਦੀ ਟੈਕਨੀਕਲ ਸਰਵਿਸਜ ਯੂਨੀਆਨ (ਰਜਿ) ਦੇ ਸਮਰਾਲਾ ਮੰਡਲ ਦੇ ਪ੍ਰਧਾਨ ਭਰਪੂਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਦਿਨੀ ਅਜਨਾਲਾ ਨੇੜੇ ਭਾਰਤੀ ਕਿਸਾਨ ਯੂਨੀਆਨ ਏਕਤਾ ਦੇ ਸੂਬਾਈ ਆਗੂ ਸ਼ਾਥੀ ਸਾਧੂ ਸਿੰਘ ਤਖਤੂਪੁਰਾ ਦੀ ਗੁੰਡਾਂ ਅਨਸਰਾਂ ਵੱਲੋ ਸਿਆਸੀ ਤੇ ਪ੍ਰਸ਼ਾਸਨ ਦੀ ਸਹਿ ਤੇ ਕੀਤੀ ਹੱਤਿਆ ਦੀ ਜੋਰਦਾਰ ਨਿਖੇਧੀ ਕੀਤੀ ਗਈ। ਇਸ ਸਬੰਧੀ ਸਬ ਡਵੀਜਨ ਵਿਖੇ ਕੀਤੀ ਮੀਟਿੰਗ ਵਿੱਚ ਹਾਜ਼ਰ ਮੁਲਾਜਮ ਆਗੂਆ ਨੇ ਮੰਗ ਕੀਤੀ ਕਿ ਇਸ ਘਿਨੌਣੀ ਘਟਨਾ ਦੇ ਮੁੱਖ ਦੋਸ਼ੀ ਸਾਬਕਾ ਅਕਾਲੀ ਵਿਧਾਇਕ ਸਮੇਤ ਹੋਰ ਅਕਾਲੀ ਆਗੂਆ ਅਤੇ ਲੋਪੋਕੇ ਦੇ ਦੋਸ਼ੀ ਪੁਲਿਸ ਮੁੱਖੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਇਸ ਸਬੰਧੀ ੨੮ ਫਰਵਰੀ ਨੂੰ ਤਖਤੂਪੁਰਾ ਪਿੰਡ ਵਿੱਚ ਹੋ ਰਹੇ ਸ਼ਰਧਾਜਲੀ ਸਮਾਗਮ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਆਤ ਕੀਤੀ ਜਾਵੇਗੀ।

ਅਕਾਲੀ ਅਹੁਦੇਦਾਰਾਂ ਦੀ ਮੀਟਿੰਗ 22 ਨੂੰ

ਫਿਰੋਜ਼ਪੁਰ, 19 ਫਰਵਰੀ (ਜੀ.ਐੱਸ. ਕਾਲੜਾ)-ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸੰਬੰਧਤ ਸਮੂਹ ਪਾਰਟੀ ਅਹੁਦੇਦਾਰਾਂ ਦੀ ਹੰਗਾਮੀ ਮੀਟਿੰਗ 22 ਫਰਵਰੀ ਸੋਮਵਾਰ ਨੂੰ ਗੁਰਦੁਆਰਾ ਸ੍ਰੀ ਜਾਮਣੀ ਸਾਹਿਬ (ਬਾਜੀਦਪੁਰ) ਵਿਖੇ ਸ੍ਰ. ਸ਼ਰਨਜੀਤ ਸਿੰਘ ਢਿੱਲੋਂ ਸਾਬਕਾ ਮੈਂਬਰ ਲੋਕ ਸਭਾ ਅਤੇ ਸਾਬਕਾ ਪ੍ਰਧਾਨ ਯੂਥ ਅਕਾਲੀ ਦਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਸ਼੍ਰੋਮਣੀ ਅਕਾਲੀ ਦਲ ਦੇ ਕਨਵੀਨਰ ਦੀ ਪ੍ਰਧਾਨਗੀ ਹੇਠ ਹੋਵੇਗੀ।

ਭਰੂਣ ਹੱਤਿਆ ਦੇ ਖਾਤਮੇ ਤੇ ਨਸ਼ਿਆਂ ਖਿਲਾਫ ਸਰਕਾਰ ਸਖਤ ਕਦਮ ਪੁੱਟੇ-ਨੇਮ ਚੰਦ ਚੌਧਰੀ

ਝੁਨੀਰ, 19 ਫਰਵਰੀ (ਗੁਰਵਿੰਦਰ ਭੋਲਾ)-ਨੇੜੇ ਪਿੰਡ ਮੀਰਪੁਰ ਕਲਾ ਵਿਖੇ ਸ਼ਹੀਦ ਭਗਤ ਸਿੰਘ ਲੋਕ ਭਲਾਈ ਕਲੱਬ ਮੀਰਪੁਰ ਕਲਾਂ ਵੱਲੋਂ ਪਹਿਲਾ ਨਾਟਕ ਮੇਲਾ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਇਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਇਲਾਕੇ ਦੇ ਉੱਘੇ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਨੇਮ ਚੰਦ ਚੌਧਰੀ ਸਰਦੂਲਗੜ੍ਹ ਸ਼ਾਮਿਲ ਹੋਏ। ਇਸ ਨਾਟਕ ਮੇਲੇ ਦੌਰਾਨ ਮਾਲਵਾ ਕਲਾ ਮੰਚ ਮਾਸ ਥਿਏਟਰ ਗਰੁੱਪ ਬੋਹਾ ਵੱਲੋਂ ਸੁਰਿੰਦਰ ਸਾਗਰ ਦੀ ਨਿਰਦੇਸ਼ਨਾ ਹੇਠ ਭਰੂਣ ਹੱਤਿਆ, ਅੰਧ ਵਿਸ਼ਵਾਸ ਤੇ ਬਾਲ ਮਜ਼ਦੂਰੀ ਨੂੰ ਦਰਸਾਉਂਦੇ ਨਾਟਕ 'ਪੰਡਤ ਬਲਾਕੀ ਰਾਮ ਅਤੇ ਚੰਦ ਹੈ। ਮਾਮਾ ਬੇਈ ਤਾਰੇ ਵਧੀਆ ਅੰਦਾਜ਼ ਵਿੱਚ ਪੇਸ਼ ਕੀਤੇ। ਜਿਸ ਨੂੰ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੇ ਖੂਬ ਸਰਾਹਿਆ। ਇਸ ਮੌਕੇ ਸੰਬੋਧਨ ਕਰਦਿਆਂ ਨੇਮ ਚੰਦ ਚੌਧਰੀ ਸਰਦੂਲਗੜ੍ਹ ਨੇ ਕਿਹਾ ਕਿ ਭਰੂਣ ਹੱਤਿਆ ਨੂੰ ਜੜ੍ਹੋਂ ਖਤਮ ਕਰਨ ਲਈ ਸਭ ਤੋਂ ਪਹਿਲਾਂ ਔਰਤਾਂ ਨੇ ਅੱਗੇ ਆਉਣਾ ਚਾਹੀਦਾ ਹੈ ਅਤੇ ਔਰਤਾਂ ਦੇ ਸਹਿਯੋਗ ਨਾਲ ਸਮੇਂ ਦੀਆਂ ਸਰਕਾਰਾਂ ਨੂੰ ਭਰੂਣ ਹੱਤਿਆ ਕਰਨ ਵਾਲੇ ਦੋਸ਼ੀ ਡਾਕਟਰਾਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਜਿਕ ਕੁਰੀਤੀਆਂ ਤੋਂ ਇਲਾਵਾ ਦੇਸ਼ ਵਿੱਚ ਨਸ਼ਿਆਂ ਨੂੰ ਰੋਕਣ ਲਈ ਕਲੱਬਾਂ ਤੇ ਪਿੰਡਾਂ ਦੇ ਪ੍ਰਮੁੱਖ ਵਿਅਕਤੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਲੱਬ ਵੱਲੋਂ ਨੂੰ ਚੰਦ ਚੌਧਰੀ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਾਂ ਮੋਹਣ ਲਾਲ, ਉਪ ਪ੍ਰਧਾਨ ਕੁਲਵਿੰਦਰ ਸਿੰਘ, ਹਰਵਿੰਦਰ ਸਿੰਘ ਵੀ ਮੌਜੂਦ ਸਨ।

ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ

ਭਦੌੜ, 19 ਫਰਵਰੀ (ਸੁਰਿੰਦਰ ਬੱਤਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੰਗਠਨ ਸਕੱਤਰ ਸਾਧੂ ਸਿੰਘ ਤਖਤੂਪੁਰਾ ਅਤੇ ਉਸ ਦੇ ਸਾਥੀਆਂ ਤੇ ਭਿੰਡੀ ਖੇਤਰ ਵਿੱਚ ਹੋਏ ਹਮਲੇ ਦੌਰਾਨ ਜਿਸ ਵਿੱਚ ਸਾਧੂ ਸਿੰਘ ਤਖਤੂਪੁਰਾ ਦੀ ਮੌਤ ਹੋ ਗਈ। ਇਸ ਹੋਈ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਨਿਰਮਲ ਸਿੰਘ ਭਦੌੜ, ਵਜੀਰ ਸਿੰਘ, ਜੀਤ ਸਿੰਘ ਵੜਿੰਗ ਅਤੇ ਗੁਰਚਰਨ ਸਿੰਘ ਚਰਨੀ ਨੇ ਕਿਹਾ ਕਿ ਇਸ ਵਾਰਦਾਤ ਨੂੰ ਅੰਜ਼ਾਮ ਦੇਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਕੇ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਜਾਵੇ।

ਗਿੱਦੜਬਾਹਾ 'ਚ ਸਪੈਸ਼ਲ ਲੋਕ ਅਦਾਲਤ ਅੱਜ

ਗਿੱਦੜਬਾਹਾ, 19 ਫਰਵਰੀ (ਰਾਜੀਵ)-ਗਿੱਦੜਬਾਹਾ ਵਿੱਚ ਸਪੈਸ਼ਲ ਲੋਕ ਅਦਾਲਤ ਮਾਣਯੋਗ ਸੈਸ਼ਨ ਜੱਜ ਮੁਕਤਸਰ ਦੇ ਹੁਕਮ ਅਨੁਸਾਰ ਸਥਾਨਕ ਕਚਹਿਰੀ ਵਿੱਚ 20 ਫਰਵਰੀ ਨੂੰ ਸਵੇਰੇ 10 ਵਜੇ ਲਗਾਈ ਜਾਵੇਗੀ। ਇਸ ਸਪੈਸ਼ਲ ਲੋਕ ਅਦਾਲਤ ਵਿੱਚ ਸ੍ਰੀਮਤੀ ਰਾਜਵਿੰਦਰ ਕੌਰ ਜੱਜ ਸਾਹਿਬ ਗਿੱਦੜਬਾਹਾ, ਪ੍ਰਸਿੱਧ ਸਮਾਜ ਸੇਵੀ ਡਾ. ਬਿਹਾਰੀ ਲਾਲ ਗੋਇਲ, ਪ੍ਰਸਿੱਧ ਐਡਵੋਕੇਟ ਓਮ ਪ੍ਰਕਾਸ਼ ਅਰੋੜਾ ਕੇਸਾਂ ਦਾ ਨਿਪਟਾਰਾ ਕਰਨਗੇ। ਇਸ ਅਦਾਲਤ ਵਿੱਚ ਆਪਸੀ ਤਾਲਮੇਲ ਨਾਲ ਸਭ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਖਰਾ ਕਰਨਾ ਵੱਡੀ ਗਲਤੀ ਹੋਵੇਗੀ-ਕੈਪਟਨ ਹਰਚਰਨ ਸਿੰਘ ਰੋਡੇ

ਸਮਾਲਸਰ, 19 ਫਰਵਰੀ (ਭੁਪਿੰਦਰ ਸਿੰਘ, ਕੰਵਲਜੀਤ ਸਿੰਘ)-ਸ੍ਰੀ ਗੁਰੂ ਗ੍ਰੰਥ ਸਾਹਿਬ ਪੂਰੇ ਵਿਸ਼ਵ ਵਿੱਚ ਸਭ ਤੋਂ ਪਵਿੱਤਰ ਤੇ ਮਹਾਨ ਮੰਨਿਆ ਜਾਂਦਾ ਹੈ। ਇਸ ਵਿੱਚ ਸਾਡੇ ਗੁਰੂਆਂ ਤੋਂ ਇਲਾਵਾ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਵੀ ਸਤਿਕਾਰ ਦਿੰਦਿਆਂ ਦਰਜ ਕੀਤਾ ਗਿਆ ਅਤੇ ਇਹ ਕਿਸੇ ਇੱਕ ਵਰਗ ਨੂੰ ਨਹੀਂ, ਸਗੋਂ ਸਾਨੂੰ ਸਭ ਨੂੰ ਇਕਸੁਰਤਾ, ਏਕਤਾ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚੋਂ ਕਿਸੇ ਭਗਤ ਦੀ ਬਾਣੀ ਨੂੰ ਵੱਖਰਾ ਕਰਨਾ ਬਹੁਤ ਵੱਡੀ ਗਲਤੀ ਹੋਵੇਗੀ। ਇਹ ਸ਼ਬਦ ਕੈਪਟਨ ਹਰਚਰਨ ਸਿੰਘ ਰੋਡੇ, ਭਰਾ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਨੇ ਪਿੰਡ ਰੋਡੇ (ਮੋਗਾ) ਦੇ ਸ੍ਰ. ਮਹਿੰਦਰ ਸਿੰਘ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਜਾਂ ਭੱਟਾਂ ਦੀ ਬਾਣੀ ਨੂੰ ਸ਼ਾਮਿਲ ਕਿਉਂ ਕੀਤਾ ਗਿਆ। ਕਿਉਂਕਿ ਉਹ ਇਸ ਯੋਗ ਸਨ। ਪ੍ਰੰਤੂ ਉਨ੍ਹਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਵੱਖਰਾ ਕਰਨਾ ਉਨ੍ਹਾਂ ਦਾ ਸਤਿਕਾਰ ਘਟਾਉਣਾ ਦੇ ਤੁਲ ਹੈ, ਕਿਉਂਕਿ ਅਜਿਹਾ ਕਰਨ ਨਾਲ ਉਹ ਸਿਰਫ ਇੱਕ ਫਿਰਕੇ ਦੇ ਹੀ ਭਗਤ ਬਣ ਕੇ ਰਹਿ ਜਾਣਗੇ, ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹ ਪੂਰੇ ਵਿਸ਼ਵ ਦੇ ਭਗਤ ਕਹਾਉਂਦੇ ਹਨ। ਕੈਪਟਨ ਹਰਚਰਨ ਸਿੰਘ ਰੋਡੇ ਨੇ ਉਹ ਸੱਜਣਾਂ ਨੂੰ ਅਪੀਲ ਕੀਤੀ ਕਿ ਉਹ ਅਜਿਹਾ ਨਾ ਕਰਨ, ਸਗੋਂ ਗੁਰੂਆਂ ਦੇ ਨਾਲ-ਨਾਲ ਭਗਤਾਂ ਤੇ ਭੱਟਾਂ ਬਾਣੀ ਨੂੰ ਵੀ ਵਿਸ਼ਵ ਵਿੱਚ ਸਤਿਕਾਰ ਦਿਵਾਉਣ ਵਿੱਚ ਸਹਾਈ ਹੋਣ ਅਤੇ ਕਿਸੇ ਵੀ ਐਸੀ ਸਾਜ਼ਿਸ਼ ਤੋਂ ਸੁਚੇਤ ਹੋਣ ਜੋ ਸਾਡੇ ਸਿੱਖ ਧਰਮ ਜੋ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ ਨੂੰ ਵੰਡਣ ਤੋਂ ਬਚਾਉਣ। ਇਸ ਸਮੇਂ ਭਾਈ ਹਰਜੀਤ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਜਗਤਾਰ ਸਿੰਘ ਰੋਡੇ, ਭਾਈ ਲਖਵਿੰਦਰ ਸਿੰਘ ਪ੍ਰਧਾਨ, ਭਾਈ ਜਗਸੀਰ ਸਿੰਘ, ਸ੍ਰ. ਜਗਰੂਪ ਸਿੰਘ ਆਦਿ ਹਾਜ਼ਰ ਸਨ।

ਸਵਰਨਜੀਤ ਸਿੰਘ ਅਤੇ ਸੰਦੀਪ ਕੌਰ ਉਤਮ ਅਥਲੀਟ ਚੁਣੇ

ਗਿੱਦੜਬਾਹਾ, 19 ਫਰਵਰੀ (ਰਾਜੀਵ ਬਾਂਸਲ)-ਸਥਾਨਕ ਮਾਤਾ ਮਿਸ਼ਰੀ ਦੇਵੀ ਡੀ.ਏ.ਵੀ. ਕਾਲਜ ਵਿਖੇ ਸਾਲਾਨਾ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ। ਜਿਸਦਾ ਉਦਘਾਟਨ ਸੁਖਬੀਰ ਸਿੰਘ ਬਰਾੜ ਨਾਇਬ ਤਹਿਸੀਲਦਾਰ ਗਿੱਦੜਬਾਹਾ ਵੱਲੋਂ ਕੀਤਾ ਗਿਆ। ਦੋ ਦਿਨ ਚੱਲੇ ਇਸ ਖੇਡ ਸਮਾਰੋਹ ਦੌਰਾਨ ਲੜਕਿਆਂ ਵਿੱਚੋਂ ਸਵਰਨਜੀਤ ਸਿੰਘ ਬੀ.ਏ. ਭਾਗ ਦੂਜਾ ਅਤੇ ਲੜਕੀਆਂ ਵਿੱਚੋਂ ਸੰਦੀਪ ਕੌਰ ਬੀ.ਏ. ਭਾਗ ਤੀਜਾ ਨੂੰ ਬੈਸਟ ਐਥਲੀਟ ਘੋਸ਼ਿਤ ਕੀਤਾ ਗਿਆ। ਅੰਤਿਮ ਨਤੀਜੇ ਇਸ ਪ੍ਰਕਾਰ ਰਹੇ- 200, 400, 800, 100 ਮੀਟਰ ਹਰਡਲ ਦੌੜ ਅਤੇ ਲੰਬੀ ਛਾਲ ਵਿੱਚ ਸਵਰਨਜੀਤ ਸਿੰਘ ਬੀ.ਏ. ਭਾਗ ਦੂਜਾ ਪਹਿਲੇ ਅਤੇ ਰਕੇਸ਼ ਕੁਮਾਰ, ਬੀ.ਏ. ਭਾਗ ਦੂਜਾ, ਦੀਦਾਰ ਸਿੰਘ ਬੀ.ਏ. ਭਾਗ ਦੂਜਾ, ਰਮੇਸ਼ ਕੁਮਾਰ ਬੀ.ਏ. ਭਾਗ ਪਹਿਲਾ ਅਤੇ ਵਰਿੰਦਰ ਸਿੰਘ ਬੀ.ਏ. ਭਾਗ ਪਹਿਲਾਂ ਕ੍ਰਮਵਾਰ ਦੂਸਰੇ ਸਥਾਨ ਤੇ ਰਹੇ। ਦੀਦਾਰ ਸਿੰਘ ਬੀ.ਏ. ਭਾਗ ਦੂਜਾ, ਮੁਨੀਸ਼ ਕੁਮਾਰ ਬੀ.ਏ. ਭਾਗ ਤੀਜਾ, ਬਲਵਿੰਦਰ ਸਿੰਘ 10+2 ਰਾਜ ਕੁਮਾਰ ਬੀ.ਏ. ਭਾਗ ਪਹਿਲਾ, ਲਖਪ੍ਰੀਤ ਸਿੰਘ 10+2 ਅਤੇ ਦੀਦਾਰ ਸਿੰਘ ਕ੍ਰਮਵਾਰ ਤੀਸਰੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਉੱਚੀ ਛਾਲ ਵਿੱਚ ਰਾਕੇਸ਼ ਕੁਮਾਰ ਵੀ ਬੀ.ਏ. ਭਾਗ ਤੀਜਾ, ਵਰਿੰਦਰ ਕੁਮਾਰ ਬੀ.ਏ. ਭਾਗ ਪਹਿਲਾ ਅਤੇ ਸੰਦੀਪ ਕੁਮਾਰ ਬੀ.ਏ. ਭਾਗ ਪਹਿਲਾ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਰਹੇ। ਤੀਹਰੀ ਛਾਲ ਵਿੱਚ ਮੁਨੀਸ਼ ਕੁਮਾਰ, ਲਖਪ੍ਰੀਤ ਸਿੰਘ ਅਤੇ ਦੀਦਾਰ ਸਿੰਘ ਨੇ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਡਿਸਕਸ ਥਰੋਅ ਵਿੱਚ ਰਘੁਬੀਰ ਸਿੰਘ, ਅਮਰੀਕ ਸਿੰਘ ਅਤੇ ਦੀਦਾਰ ਸਿੰਘ, ਗੋਲਾ ਸੁੱਟਣ ਵਿੱਚ ਜਗਦੇਵ ਸਿੰਘ, ਹਰਜੀਤ ਸਿੰਘ ਅਤੇ ਗੁਰਦੀਪ ਸਿੰਘ, ਨੇਜਾ ਸੁੱਟਣ ਵਿੱਚ ਅਮਰੀਕ ਸਿੰਘ, ਰਾਕੇਸ਼ ਕੁਮਾਰ ਅਤੇ ਗੁਰਪਿਆਰ ਸਿੰਘ ਜੇਤੂ ਰਹੇ। ਲੜਕੀਆਂ ਦੇ ਮੁਕਾਬਲਿਆਂ ਵਿੱਚੋਂ 100 ਮੀਟਰ ਦੌੜ ਬੀ.ਏ. ਭਾਗ ਦੂਜਾ ਨੇ ਜਿੱਤੀ ਅਤੇ ਸੰਜੋਲੀ ਸ਼ਰਮਾ ਨੇ ਹਰਵੀਰ ਕੌਰ ਨੇ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। 200 ਅਤੇ 400 ਮੀਟਰ ਦੌੜ ਕ੍ਰਮਵਾਰ ਗੀਤਿਕਾ ਬੀ.ਏ. ਭਾਗ ਦੂਜਾ, ਪਹਿਲੇ ਅਤੇ ਮਨਪ੍ਰੀਤ ਕੌਰ, ਸੰਜੋਲੀ ਸ਼ਰਮਾ ਤੇ ਡੋਲੀ ਕ੍ਰਮਵਾਰ ਦੂਜੇ ਤੇ ਤੀਜੇ ਨੰਬਰ ਤੇ ਰਹੀਆਂ। ਲੰਬੀ ਛਾਲ ਵਿੱਚ ਸੰਦੀਪ ਕੌਰ ਪਹਿਲੇ, ਮਨਪ੍ਰੀਤ ਦੂਜੇ ਤੇ ਸਰਬਜੀਤ ਕੌਰ ਤੀਜੇ ਨੰਬਰ 'ਤੇ ਰਹੀ। ਉੱਚੀ ਛਾਲ ਗਰਿਮਾ ਸ਼ਰਮਾ ਨੇ ਜਿੱਤੀ ਅਤੇ ਸੰਦੀਪ ਕੌਰ ਤੇ ਸਰਬਜੀਤ ਕੌਰ ਨੇ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਅਕਾਲੀ ਸਰਕਾਰ ਹੀ ਵਿਕਾਸ ਦੀ ਮੁਦਈ -ਸੈਦੀਪੁਰ

ਸਮਾਣਾ 19 ਫਰਵਰੀ (ਸਾਹਿਬ ਸਿੰਘ) ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਸੈਦਪੁਰ ਨੇ ਕਿਹਾ ਕਿ ਜਦੋਂ ਵੀ ਪੰਜਾਬ ਵਿਚ ਅਕਾਲੀ ਸਰਕਾਰ ਆਈ ਹੈ , ਉਸ ਸਮੇਂ ਪੰਜਾਬ ਦਾ ਵਿਕਾਸ ਹੋਇਆ ਹੈ। ਕਾਂਗਰਸ ਨੇ ਕਦੇ ਵੀ ਪੰਜਾਬ ਦੇ ਹਿੱਤਾਂ ਦੀ ਗੱਲ ਨਹੀਂ ਕੀਤੀ। ਸਮਾਣਾ ਵਿਖੇ ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆਂ ਸਰਦਾਰ ਸੈਦੀਪੁਰ ਨੇ ਕਿਹਾ ਕਿ ਉਪ ਮੁਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਅਗਾਂਹ ਵਧੂ ਸੋਚ ਨਾਲ ਪੰਜਾਬ ਵਿਚ ਕ੍ਰਾਂਤੀ ਆਈ ਹੈ। ਉਹ ਪੰਜਾਬ ਦੇ ਵਿਕਾਸ ਲਈ ਦ੍ਰਿੜ ਸੰਕਲਪ ਹਨ । ਇਸ ਮੌਕੇ ਬਲਵਿੰਦਰ ਸਿੰਘ ਦਾਨੀ ਪੁਰ , ਸਰਪੰਚ ਰਘਵੀਰ ਸਿੰਘ, ਸੁਖਦੇਵ ਸਿੰਘ , ਮਨਜੀਤ ਸਿੰਘ , ਲਾਡੀ, ਦਿਦਾਰ ਸਿੰਘ ਅਚਰਾਲਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

ਬਰਖਾਸਤ 134 ਕਲਰਕਾਂ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਗੇਟ ਅੱਗੇ ਅਰਥੀ ਫੂਕ ਮੁਜ਼ਾਹਰਾ

ਮੋਹਾਲੀ, 19 ਫ਼ਰਵਰੀ (ਵੀਨਾ ਰਾਜਪੂਤ) : ਪੰਜਾਬ ਸਕੂਲ ਸਿੱਖਿਆ ਬੋਰਡ ਦੇ ਗੇਟ ਸਾਹਮਣੇ 134 ਕਲਰਕਾਂ ਦੀ ਬਹਾਲੀ ਵਾਸਤੇ ਅਣਮਿੱਥੇ ਸਮੇਂ ਲਈ ਦਿੱਤਾ ਜਾ ਰਿਹਾ ਰੋਸ ਧਰਨਾ ਇਕ ਸਾਲ ਦਾ ਹੋ ਗਿਆ। ਅੱਜ ਸਵੇਰ ਤੋਂ ਹੀ ਕਲਰਕਾਂ ਵਲੋਂ ਪੰਜਾਬ ਸਰਕਾਰ ਅਤੇ ਬੋਰਡ ਮੈਨੇਜਮੈਂਟ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕਰਦਿਆਂ ਬੋਰਡ ਦੇ ਮੁੱਖ ਗੇਟ ਸਾਹਮਣੇ ਬੋਰਡ ਮੈਨੇਜਮੈਂਟ ਦੀ ਅਰਥੀ ਫੂਕੀ ਗਈ। ਬਰਖ਼ਾਸਤ ਕਲਰਕਾਂ ਦੀ ਯੂਨੀਅਨ ਦੇ ਪ੍ਰਧਾਨ ਪਰਵਿੰਦਰ ਸਿੰਘ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਦੱਸਿਆ ਕਿ 134 ਕਲਰਕਾਂ ਦੀ ਭਰਤੀ 20 ਦਸੰਬਰ 2001 ਵਿਚ ਉਸ ਸਮੇਂ ਦੀ ਅਕਾਲੀ-ਭਾਜਪਾ ਦੇ ਸਮੇਂ ਦੌਰਾਨ ਪੂਰੀ ਪਾਰਦਰਸ਼ਤਾ ਨਾਲ ਬਾਕਾਇਦਾ ਅਖ਼ਬਾਰਾਂ ਵਿਚ ਇਸ਼ਤਿਹਾਰ ਰਾਹੀਂ ਲਿਖਤੀ ਅਤੇ ਟਾਈਪ ਟੈਸਟ ਅਤੇ ਇੰਟਰਵਿਊ ਲੈਣ ਉਪਰੰਤ ਨਿਰੋਲ ਮੈਰਿਟ ਦੇ ਆਧਾਰ 'ਤੇ ਹੋਈ ਸੀ। ਦੋ ਸਾਲ ਦੀ ਨੌਕਰੀ ਕਰਨ ਦੇ ਬਾਵਜੂਦ ਕਾਂਗਰਸ ਦੀ ਕੈਪਟਨ ਸਰਕਾਰ ਨੇ ਇਹ ਭਰਤੀ ਬਦਲਾ ਲਊ ਕਾਰਵਾਈ ਤਹਿਤ ਅਕਾਲੀ-ਭਾਜਪਾ ਸਰਕਾਰ ਦਾ ਠੱਪਾ ਲਾ ਕੇ ਰੱਦ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਇਕ ਸਾਲ ਤੋਂ ਬੋਰਡ ਸਾਹਮਣੇ ਲਗਾਤਾਰ ਗਰਮੀ-ਸਰਦੀ, ਧੁੱਪ, ਮੀਂਹ, ਭੁੱਖ, ਪਿਆਸ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਹੱਕਾਂ ਲਈ ਗੁਹਾਰ ਲਗਾ ਰਹੇ ਹਾਂ। ਪਰ ਨਾ ਤਾਂ ਪੰਜਾਬ ਸਰਕਾਰ ਅਤੇ ਬੋਰਡ ਮੈਨੇਜਮੈਂਟ ਵਲੋਂ ਸਾਡੇ ਕੋਲ ਕੋਈ ਵੀ ਨੁਮਾਇੰਦਾ ਸਾਰ ਲੈਣ ਨਹੀਂ ਆਇਆ। ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਹਾਲਤ ਇਸ ਕਦਰ ਹੈ ਕਿ ਖੁਦ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਬੋਰਡ ਵਿਚ ਆ ਕੇ ਇਹ ਬਿਆਨ ਦੇ ਕੇ ਜਾਂਦੇ ਹਨ ਕਿ ਬੋਰਡ ਇਕ ਖੁਦ ਮੁਖਤਿਆਰ ਸੰਸਥਾ ਹੈ ਜਿਹੜਾ ਕਿਸੇ ਨੂੰ ਵੀ ਨੌਕਰੀ 'ਤੇ ਰੱਖ ਸਕਦਾ ਅਤੇ ਕੱਢ ਸਕਦਾ ਹੈ ਮਾਨਯੋਗ ਹਾਈਕੋਰਟ ਵਲੋਂ ਵੀ ਇਕ ਫ਼ੈਸਲਾ ਕੀਤਾ ਗਿਆ ਹੈ ਬੋਰਡ ਇਕ ਖੁਦਮੁਖਤਿਆਰ ਅਦਾਰਾ ਹੈ ਅਤੇ ਆਪਣੇ ਨਾਲ ਸਬੰਧਤ ਕੋਈ ਵੀ ਫ਼ੈਸਲਆ ਕਰ ਸਕਦਾ ਹੈ। ਪਰ ਜਦੋਂ ਅਸੀਂ ਬੋਰਡ ਚੇਅਰਮੈਨ ਨੂੰ ਮਿਲਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਤੁਹਾਡਾ ਕੰਮ ਸਰਕਾਰ ਨੇ ਕਰਨਾ ਹੈ ਪਰ ਸਰਕਾਰ ਬੋਰਡ ਮੈਨੇਜਮੈਂਟ 'ਤੇ ਗੱਲ ਸੁੱਟ ਦਿੰਦੀ ਹੈ ਅਜਿਹੀ ਹਾਲਤ ਵਿਚ ਅਸੀਂ ਇਨਸਾਫ਼ ਲਈ ਕਿਸ ਦਾ ਦਰਵਾਜ਼ਾ ਖੜਕਾਈਏ ਇਸ ਦੀ ਤਾਂ ਸਾਨੂੰ ਖੁਦ ਸਮਝ ਨਹੀਂ ਆਉਂਦੀ। ਇਨ੍ਹਾਂ ਬਰਖ਼ਾਸਤ ਕਲਰਕਾਂ ਨੇ ਰੋ ਭਰੀ ਆਵਾਜ਼ ਵਿਚ ਇਹ ਵੀ ਕਿਹਾ ਕਿ ਜੇਕਰ ਬਾਦਲ ਸਰਕਾਰ ਦੀ ਭਰਤੀ ਕੈਪਟਨ ਸਰਕਾਰ ਰੱਦ ਕਰਕੇ ਇਸੇ ਭਰਤੀ ਵਿਚੋਂ 45 ਕਲਰਕਾਂ ਨੂੰ ਇਕ ਨੋਟੀਫ਼ਿਕੇਸ਼ਨ ਜਾਰੀ ਕਰਕੇ ਬੋਰਡ ਵਿਚ ਰੱਖ ਸਕਦੀ ਹੈ ਤਾਂ ਸਾਨੂੰ ਸਾਡਾ ਹੱਕ ਕਿਉਂ ਨਹੀਂ ਮਿਲ ਸਕਦਾ? ਦੋਹਾਂ ਲੱਤਾਂ ਤੋਂ ਅਪਾਹਜ ਰਾਮ ਸਿੰਘ ਨੇ ਭਰੇ ਮਨ ਨਾਲ ਕਿਹਾ ਕਿ ਬੋਰਡ ਦੇ ਚੇਅਰਮੈਨ ਡਾ. ਦਲਬੀਰ ਸਿੰਘ ਨੇ ਕਪੂਰਥਲੇ ਵਿਚ ਜਾ ਕੇ ਈ.ਟੀ.ਟੀ ਧਰਨਾਕਾਰੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ। ਪਰ ਪਿਛਲੇ ਇਕ ਸਾਲ ਤੋਂ ਸਾਡੇ ਕੋਲੋਂ ਹੂਟਰ ਮਾਰਦੀ ਲਾਲ ਬੱਤੀ ਵਾਲੀ ਗੱਡੀ ਲੰਘਦਿਆਂ ਉਨ੍ਹਾਂ ਇਕ ਵਾਰ ਵੀ ਸਾਰ ਨਹੀਂ ਲਈ। ਇਹ ਬੇਇਨਸਾਫ਼ੀ ਨਹੀਂ ਤਾਂ ਹੋਰ ਕੀ ਹੈ? ਉਨ੍ਹਾਂ ਕਿਹਾਕਿ ਅਸੀਂ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਖ਼ਰੀ ਦਮ ਤੱਕ ਲੜਾਂਗੇ। ਸਾਡਾ ਅਗਲਾ ਕਦਮ ਭੁੱਖ ਹੜਤਾਲ ਤੇ ਮਰਨ ਵਰਤ ਹੋਵੇਗਾ ਜੇਕਰ ਫਿਰ ਵੀ ਸਾਡੀ ਬਹਾਲੀ ਨਾ ਕੀਤੀ ਗਈ ਤਾਂ ਅਸੀਂ ਕਪੂਰਥਲੇ ਵਾਪਰੇ ਅਗਨੀ ਕਾਂਡ ਵਾਂਗ ਇਥੇ ਵੀ ਘੱਟ ਨਹੀਂ ਕਰਾਂਗੇ। ਸਾਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੋ ਵੀ ਬਲੀਦਾਨ ਦੇਣਾ ਪਿਆ ਅਸੀਂ ਦੇਵਾਂਗੇ। ਅੱਜ ਦੇ ਇਸ ਧਰਨੇ ਵਿਚ ਜਗਵਿੰਦਰ ਸਿੰਘ, ਰਘਬੀਰ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ, ਸੁਖਦੇਵ ਸਿੰਘ, ਬਹਾਦਰ ਸਿੰਘ, ਮਲਕੀਤ ਸਿੰਘ ਫ਼ੌਜੀ, ਯੁਵਰਾਜ ਕ੍ਰਿਸ਼ਨ, ਕੰਵਲਜੀਤ ਸਿੰਘ ਬੈਦਵਾਣ, ਜਸਵੰਤ ਸਿੰਘ, ਕੰਵਲਜੀਤ ਸਿੰਘ ਘੜੂੰਆਂ, ਕੁਲਦੀਪ ਕੌਰ, ਹਰਮੀਤ ਕੌਰ, ਨਿਰੰਜਣਾ ਰਾਣੀ, ਰਵਿੰਦਰ ਕੌਰ ਸਮੇਤ ਹੋਰ ਬਹੁਤ ਸਾਰੇ ਬਰਖ਼ਾਸਤ ਮੁਲਾਜ਼ਮ ਸ਼ਾਮਲ ਸਨ।